Final P-I

ਪੰਜਾਬ ਸਕੂਲ ਸਿੱਖਿਆ ਬੋਰਡ

ਨਮੂਨਾ ਮੁਲਾਂਕਣ-ਪੱਤਰ, ਮਾਰਚ 2020

ਜਮਾਤ: ਪੰਜਵੀਂ

ਵਿਸ਼ਾ: ਪੰਜਾਬੀ

ਵਿਦਿਆਰਥੀ ਦਾ ਨਾਂ..... ਰੋਲ ਨੰ.....

ਜਮਾਤ..... ਮਿਤੀ.....

ਸਮਾਂ : 3 ਘੰਟੇ ਕੁੱਲ ਅੰਕ : 80

1) ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ। 10 ਅੰਕ

ਨਦੀ ਵਿੱਚ ਕਾਫ਼ੀ ਪਾਣੀ ਆ ਗਿਆ ਸੀ। ਪਾਣੀ ਦਾ ਵਹਾਅ ਤੇਜ਼ ਸੀ। ਇਹ ਕਿਸੇ ਨੂੰ ਪਤਾ ਨਹੀਂ ਸੀ ਕਿ ਨਦੀ ਦਾ ਪਾਣੀ ਲੰਘਣ ਵਾਲਿਆਂ ਨੂੰ ਰੋੜ੍ਹ ਕੇ ਲੈ ਜਾਵੇਗਾ। ਅੱਗੇ ਵੀ ਇਵੇਂ ਹੀ ਹੁੰਦਾ ਸੀ। ਜਦੋਂ ਬਰਸ ਜ਼ਿਆਦਾ ਹੋ ਜਾਏ ਤਾਂ ਨਦੀ ਵਿੱਚ ਪਾਣੀ ਦਾ ਵਹਾਅ ਵਧ ਜਾਂਦਾ ਸੀ। ਉਦੋਂ ਡ੍ਰਾਈਵਰ ਬੱਸਾਂ ਪਿੰਡ ਤੱਕ ਨਹੀਂ ਸੀ ਲਿਆਉਂਦੇ। ਨਦੀ ਤੋਂ ਪਾਰ ਉੱਚੀ ਥਾਂ ਖੜ੍ਹੀਆਂ ਕਰ ਦਿੰਦੇ ਸਨ। ਜਿਨ੍ਹਾਂ ਸਵਾਰੀਆਂ ਨੇ ਬੱਸ ਲੈਣੀ ਹੁੰਦੀ ਸੀ, ਉਹਨਾਂ ਨੂੰ ਨਦੀ ਪਾਰ ਕਰਨੀ ਪੈਂਦੀ ਸੀ। ਨਦੀ ਪਾਰ ਕਰ ਕੇ ਬੱਸ ਤੱਕ ਜਾਂ ਪਿੰਡ ਤੱਕ ਪੁੱਜਣਾ ਪੈਂਦਾ ਸੀ। ਕਦੇ-ਕਦੇ ਜਦੋਂ ਬਰਸਾਤ ਬਹੁਤੀ ਹੋਵੇ ਅਤੇ ਨਦੀ ਵਿੱਚ ਜ਼ਿਆਦਾ ਪਾਣੀ ਆ ਜਾਏ ਤਾਂ ਕਈ-ਕਈ ਘੰਟੇ ਉਡੀਕਣਾ ਵੀ ਪੈ ਜਾਂਦਾ ਸੀ।

ਪ੍ਰਸ਼ਨ 1. ਨਦੀ ਵਿੱਚ ਪਾਣੀ ਕਿਉਂ ਵਧ ਜਾਂਦਾ ਸੀ?

.....

.....

ਪ੍ਰਸ਼ਨ 2. ਇਹ ਪੈਰਾ ਕਿਸ ਪਾਠ ਵਿਚੋਂ ਲਿਆ ਗਿਆ ਹੈ?

.....

.....

ਪ੍ਰਸ਼ਨ 3. ਪੈਰੇ ਵਿੱਚੋਂ ਕੋਈ ਦੋ ਨਾਂਵ ਚੁਣੋ।

.....

.....

ਪ੍ਰਸ਼ਨ 4 ਹੇਠ ਲਿਖੇ ਵਾਕ ਵਿਚਲੇ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ।

ਨਦੀ ਪਾਰ ਕਰ ਕੇ ਬੱਸ ਤੱਕ ਜਾਂ ਪਿੰਡ ਤੱਕ ਪੁੱਜਣਾ ਪੈਂਦਾ ਸੀ।

.....

.....

ਪ੍ਰਸ਼ਨ 5 ਹੇਠ ਲਿਖਿਆਂ ਵਿੱਚੋਂ ਸਹੀ ਦੇ ਅੱਗੇ (√) ਗ਼ਲਤ ਦੇ ਅੱਗੇ (×) ਦਾ ਨਿਸ਼ਾਨ ਲਗਾਓ।

1. ਨਦੀ ਉੱਤੇ ਪੁਲ਼ ਬਣਿਆ ਹੋਇਆ ਸੀ। ☐

P-II

2. ਡ੍ਰਾਈਵਰ ਬੱਸਾਂ ਪਿੰਡ ਤੱਕ ਨਹੀਂ ਸੀ ਲਿਆਉਂਦੇ। ☐

2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ। ਹਰ ਪ੍ਰਸ਼ਨ ਦਾ 1 ਅੰਕ ਹੈ। 16 ਅੰਕ

1. ਸਾਡੇ ਦੇਸ ਦਾ ਕੀ ਨਾਂ ਹੈ।

ੳ) ਪੰਜਾਬ ਅ) ਭਾਰਤ ੲ) ਚੀਨ ਸ) ਪਾਕਿਸਤਾਨ

2. 'ਦੂਰ' ਦਾ ਨੇੜੇ ਨਾਲ਼ ਜੋ ਸੰਬੰਧ ਹੈ ਇਸੇ ਤਰ੍ਹਾਂ 'ਉੱਪਰ' ਦਾ ਸੰਬੰਧ ਕਿਸ ਨਾਲ਼ ਹੋਵੇਗਾ?

ੳ) ਪਿੱਛੇ ਅ) ਹੇਠਾਂ ੲ) ਸੱਜੇ ਸ) ਖੱਬੇ

3. ਕਿਹੜਾ ਸਹੀ ਹੈ?

ੳ) ਸੁਨਹਿਰੀ ਅ) ਸੁਨਹਰੀ ੲ) ਸੁਨਿਹਰੀ ਸ) ਸੁਨਹਿਰਿ

4. ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ਬਦ-ਕੋਸ਼ ਅਨੁਸਾਰ ਕਿਹੜਾ ਸਭ ਤੋਂ ਪਹਿਲਾਂ ਆਵੇਗਾ।

ੳ) ਸਿਰ ਅ) ਸੜਕ ੲ) ਸੌਂਕ ਸ) ਸਨ

5. ਸਾਰਾਗੜ੍ਹੀ ਕਵਿਤਾ ਕਿਹੜੇ ਛੰਦ ਵਿੱਚ ਲਿਖੀ ਗਈ ਹੈ?

ੳ) ਕਬਿੱਤ ਅ) ਦੋਹਰਾ ੲ) ਬੈਂਤ ਸ) ਕੋਰੜਾ

6. ਸਤਰ ਪੂਰੀ ਕਰੋ।

ਪੁਰਜ਼ਾ-ਪੁਰਜ਼ਾ ਕਟ ਜਾਏ ਭਾਵੇਂ, ਅੱਖ 'ਚੋਂ ਨੀਰ ਨਾ ਚੋਵੇ।
ਸਿਰ ਜਾਂਦਾ ਤਾਂ ਬੇਸ਼ੱਕ ਜਾਵੇ,.....।

ੳ) ਹੱਥ ਨੀਵਾਂ ਨਾ ਹੋਵੇ ਅ) ਸਿਰ ਨੀਵਾਂ ਨਾ ਹੋਵੇ
ੲ) ਧੜ ਨੀਵਾਂ ਨਾ ਹੋਵੇ ਸ) ਮੱਥਾ ਨੀਵਾਂ ਨਾ ਹੋਵੇ

7. "ਸੋਹਣ ਸਿੰਘ ਨੂੰ ਕੁਝ ਨਾ ਸੁੱਝਿਆ" ਵਾਕ ਵਿੱਚ ਨਾਂਵ-ਸ਼ਬਦ ਕਿਹੜਾ ਹੈ?

ੳ) ਕੁਝ ਅ) ਨਾ ੲ) ਸੁੱਝਿਆ ਸ) ਸੋਹਣ ਸਿੰਘ

8. "ਬੇਰੀ ਉੱਤੇ ਸੂਹੇ ਸੂਹੇ ਬੇਰ ਲੱਗੇ ਹੋਏ ਸਨ।" ਵਾਕ ਵਿੱਚ ਪਹਿਲੇ ਸੂਹੇ ਤੋਂ ਬਾਅਦ ਕਿਹੜਾ ਵਿਸ਼ਰਾਮ-ਚਿੰਨ੍ਹ ਆਵੇਗਾ।

ੳ) । ਅ) - ੲ) ? ਸ) !

9. ਕਿਹੜਾ ਵਾਕ ਬਣਤਰ ਪੱਖੋਂ ਸਹੀ ਹੈ?

ੳ) ਮੈਂ ਆਪਣੇ ਪਾਤਸ਼ਾਹ ਪਾਰਸ ਨੂੰ ਮਿਲ਼ਣਾ ਏ।

ਅ) ਮੈਂ ਪਾਰਸ ਆਪਣੇ ਪਾਤਸ਼ਾਹ ਨੂੰ ਮਿਲ਼ਣਾ ਏ।

ੲ) ਮੈਂ ਪਾਰਸ ਪਾਤਸ਼ਾਹ ਆਪਣੇ ਨੂੰ ਮਿਲ਼ਣਾ ਏ।

ਸ) ਮੈਂ ਆਪਣੇ ਪਾਰਸ ਪਾਤਸ਼ਾਹ ਨੂੰ ਮਿਲ਼ਣਾ ਏ।

P-II

10. ਹੇਠ ਲਿਖਿਆਂ ਵਿੱਚੋਂ ਕਹਾਣੀ ਕਿਹੜੀ ਹੈ?

ੳ) ਰੇਸ਼ਮ ਦਾ ਕੀੜਾ ਅ) ਚਿੜੀਆ-ਘਰ

ੲ) ਅਸਲੀ ਸਿੱਖਿਆ ਸ) ਸਾਡਾ ਪਾਰਸ ਸਾਡਾ ਪਾਤਸ਼ਾਹ

11. ਨੱਕ ਚਾੜ੍ਹਨਾ ਦਾ ਕੀ ਅਰਥ ਹੈ।

ੳ) ਚੰਗਾ ਮਨਾਉਣਾ ਅ) ਬੁਰਾ ਮਨਾਉਣਾ

ੲ) ਮਨ੍ਹਾਂ ਕਰਨਾ ਸ) ਬਹੁਤ ਕੋਸ਼ਸ਼ ਕਰਨਾ

12. ਸਤਰੰਗੀ ਤਿਤਲੀ ਪਾਠ ਤੋਂ ਕੀ ਸਿੱਖਿਆ ਮਿਲਦੀ ਹੈ?

ੳ) ਕਿਸੇ ਦਾ ਮਜ਼ਾਕ ਨਾ ਉਡਾਓ। ਅ) ਕਿਸੇ ਨੂੰ ਕਮਜ਼ੋਰ ਨਾ ਸਮਝੋ।

ੲ) ਹੰਕਾਰ ਨਾ ਕਰੋ। ਸ) ਉਪਰੋਕਤ ਸਾਰੇ।

13. ਪੁਲਾੜ-ਖੋਜ ਦਾ ਵਿਸ਼ਵ-ਪ੍ਰਸਿੱਧ ਕੇਂਦਰ ਕਿਹੜਾ ਹੈ?

ੳ) ਟੈਕਸਾਸ ਅ) ਨਾਸਾ

ੲ) ਕਰਨਾਲ ਸ) ਉਪਰੋਕਤ ਵਿੱਚੋਂ ਕੋਈ ਨਹੀਂ

14. ਜਿਸ ਨੇ ਗਦਾ-ਯੁੱਧ ਦਾ ਮਾਹਰ ਬਣਨਾ ਹੈ ਉਹ ਪਹਿਲਾਂ ਗਤਕਾ ਖੇਡਣਾ ਸਿੱਖੇ। ਵਾਕ ਵਿੱਚ ਪੜਨਾਂਵ ਕਿਹੜਾ ਹੈ।

ੳ) ਹਰ ਅ) ਸਕੂਲ ੲ) ਉਹ ਸ) ਹੈ

15. ਕੀ ਸੱਪ ਨੂੰ ਮਾਰਨਾ ਚੰਗੀ ਗੱਲ ਹੈ?

ੳ) ਹਾਂ ਅ) ਨਹੀਂ ੲ) ਨਾ ਚੰਗਾ ਨਾ ਮਾੜਾ ਸ) ਕਹਿ ਨਹੀਂ ਸਕਦੇ

16. ਹੇਠ ਲਿਖਿਆਂ ਵਿੱਚੋਂ ਦੇਸ-ਭਗਤ ਕਿਹੜਾ ਹੈ?

ੳ) ਅਮਰ ਸਿੰਘ ਅ) ਮੂਲਾ ਸਿੰਘ ੲ) ਕਿਰਪਾਲ ਸਿੰਘ ਸ) ਸ਼ਹੀਦ ਕਰਤਾਰ ਸਿੰਘ ਸਰਾਭਾ

3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ। ਹਰ ਪ੍ਰਸ਼ਨ ਦੇ ਦੋ ਅੰਕ ਹਨ। 16 ਅੰਕ

ੳ) ਸੁੰਢ ਅਤੇ ਹਲਦੀ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ

.....

.....

ਅ) ਚਾਰ ਸਹਿਬਜ਼ਾਦਿਆਂ ਦੇ ਨਾਂ ਤਰਤੀਬ ਵਿੱਚ ਲਿਖੋ?

.....

.....

ਇ) ਕਲਪਨਾ ਚਾਵਲਾ ਨੇ ਕਿੰਨੇ ਸਾਲ ਦੀ ਉਮਰ ਵਿੱਚ ਦਸਵੀਂ ਜਮਾਤ ਪਾਸ ਕੀਤੀ ਸੀ?

.....

.....

ਸ) ਸੱਤਵੇਂ ਦਿਨ ਰੇਸ਼ਮ ਦੇ ਕੀੜੇ ਵਿਚ ਕੀ ਤਬਦੀਲੀ ਆਉਂਦੀ ਹੈ?

.....

.....

ਹ) ਸਾਰਾਗੜ੍ਹੀ ਦੇ ਫ਼ੌਜੀਆਂ ਨੂੰ ਕਿਸ ਸਨਮਾਨ ਨਾਲ਼ ਸ਼ਰਧਾਂਜਲੀ ਦਿੱਤੀ ਗਈ?

.....

.....

ਕ) ਹੇਠਾਂ ਦਿੱਤੇ ਵਾਕ ਵਿੱਚ ਢੁਕਵੇਂ ਵਿਸ਼ਰਾਮ ਚਿਨ੍ਹਾਂ ਦੀ ਵਰਤੋਂ ਕਰੋ।

ਤੁਸੀਂ ਛੱਡੋ ਨਾਂ ਚੋਂ ਕੀ ਲੈਣਾ ਏ!

.....

.....

ਖ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਕਿਉਂ ਕਿਹਾ ਜਾਂਦਾ ਹੈ?

.....

.....

ਗ) ਜਿਊਂਦੇ ਰਹਿਣ ਲਈ ਰੁੱਖਾਂ ਤੋਂ ਮਿਲਣ ਵਾਲ਼ੀ ਸਭ ਤੋਂ ਜ਼ਰੂਰੀ ਚੀਜ਼ ਦਾ ਨਾਂ ਲਿਖੋ।

.....

.....

4) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ। 4 ਅੰਕ

ਢਾਣੀ .....

ਕਹਿਰ .....

ਜੋਸ਼ .....

ਚੈਨ .....

5) ਵਾਕਾਂ ਵਿੱਚ ਵਰਤੋ:- 4 ਅੰਕ

ਕਿਆਰੀ :.....

ਰਿਵਾਜ਼ :.....

P-III

6) ਹੇਠਾਂ ਦਿੱਤੀ ਤਸਵੀਰਾਂ ਪਛਾਣੋ ਅਤੇ ਨਾਂ ਲਿਖੋ। 3 ਅੰਕ







1. ..... 2. ..... 3. .....

7) ਦਿੱਤੇ ਤੁਕਾਂਤਾਂ ਤੋਂ ਕਾਵਿ-ਸਤਰਾਂ ਬਣਾਓ। 2 ਅੰਕ

.....ਪਾਣੀ।

.....ਰਾਣੀ।

8) ਹੇਠ ਲਿਖੇ ਵਾਕ ਵਿਚਲੇ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ। 2 ਅੰਕ

ਕੁੱਤਾ ਤਣੇ ਦੇ ਖੋਲ ਵਿੱਚ ਵੜ ਕੇ ਬੈਠ ਗਿਆ।

.....

.....

9) 7 ਅੰਕ



ਚਿੱਤਰ ਨੂੰ ਦੇਖ ਕੇ ਸੱਤ ਸਤਰਾਂ ਲਿਖੋ।

.....

.....

.....

.....

.....

.....

.....

P-V

10) ਸਕੂਲ ਵਿਚ ਦੇਰੀ ਨਾਲ ਆਉਣ ਕਾਰਨ ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਅਰਜ਼ੀ ਲਿਖੋ।

ਜਾਂ

ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਬਿਮਾਰੀ ਦੀ ਛੁੱਟੀ ਲਈ ਅਰਜ਼ੀ ਲਿਖੋ। 8 ਅੰਕ

.....

.....

.....

.....

.....

.....

.....

.....

.....

.....

.....

.....

.....

.....

.....

.....

.....

.....

11) ਰੁੱਤਾਂ ਦੀ ਮਹੱਤਤਾ ਜਾਂ ਦਿਵਾਲੀ ਬਾਰੇ ਇੱਕ ਲੇਖ ਲਿਖੋ। 8 ਅੰਕ

.....

.....

.....

.....

.....

.....

.....

P-VI